NSW GOVERNMENT Education Public Schools

Drive and park safely near schools

ਸੜਕਾਂ ‘ਤੇ ਸੁਰੱਖਿਅਤ ਰਹਿਣ ਸਬੰਧਿਤ ਜਾਣਕਾਰੀ

ਸਕੂਲੋਂ ਆਉਣ ਜਾਣ ਲਈ ਆਪਣੇ ਬੱਚਿਆਂ ਦੀ ਸੁਰੱਖਿਆ ਲਈ ਤੁਸੀਂ ਆਪ ਜ਼ਿੰਮੇਵਾਰ ਹੁੰਦੇ ਹੋ।

ਸਕੂਲਾਂ ਦੇ ਨੇੜੇ ਸੁਰੱਖਿਅਤ ਤਰੀਕੇ ਨਾਲ ਗੱਡੀ ਚਲਾਓ ਅਤੇ ਪਾਰਕ ਕਰੋ

ਸਕੂਲ ਦੀ ਸ਼ੁਰੂਆਤ ਅਤੇ ਸਮਾਪਤੀ ਦੇ ਸਮੇਂ ਸਕੂਲਾਂ ਦੇ ਬਾਹਰ ਪੈਦਲ ਤੁਰਨ ਵਾਲਿਆਂ ਅਤੇ ਡਰਾਈਵਰਾਂ ਲਈ ਬਹੁਤ ਰੁਝੇਵੇਂ ਸਮੇਂ ਹੁੰਦੇ ਹਨ।

ਤੁਸੀਂ ਹੇਠ ਦੱਸੀਆਂ ਗਲਾਂ ਨੂੰ ਯਾਦ ਰੱਖ ਕੇ ਬੱਚਿਆਂ ਨੂੰ ਸੁਰੱਖਿਅਤ ਰੱਖ ਸਕਦੇ ਹੋ:

- ਬੱਚਿਆਂ ਨੂੰ ਛੱਡਣ ਅਤੇ ਲੇਣ ਸਮੇਂ ਸਕੂਲ ਦੇ ਉਸ ਪਾਸੇ ਮਿਲੋ ਜਿਧਰ ਸਕੂਲ ਹੈ
- ਬੱਚਿਆਂ ਨੂੰ ਸੜਕ ਪਾਰੋਂ ਕਦੇ ਅਵਾਜ਼ ਨਾ ਮਾਰੋ – ਅਜਿਹਾ ਕਰਨਾ ਬਹੁਤ ਖਤਰਨਾਕ ਹੁੰਦਾ ਹੈ
- 40 ਕਿਲੋਮੀਟਰ ਸਕੂਲ ਜ਼ੋਨ ਵਿੱਚ ਚਲਾਉਂਦੇ ਸਮੇਂ ਹਮੇਸ਼ਾਂ ਜ਼ਿਆਦਾ ਚੇਤੰਨ ਰਹੋ
- ਸਾਰੇ ਪਾਰਕਿੰਗ ਚਿੰਨ੍ਹਾਂ ਦੀ ਪਾਲਣਾ ਕਰੋ – ਇਹ ਬੱਚਿਆ ਨੂੰ ਸੁਰੱਖਿਅਤ ਰੱਖਣ ਵਿੱਚ ਸਹਾਇਕ ਹੁੰਦੇ ਹਨ
- ਜ਼ਿੰਮੇਵਾਰੀ ਨਾਲ ਪਾਰਕ ਕਰੋ ਭਾਂਵੇਂ ਇਸ ਤਰ੍ਹਾਂ ਕਰਨ ਨਾਲ ਤੁਹਾਨੂੰ ਸਕੂਲ ਦੇ ਗੇਟ ਤੱਕ ਕੁੱਝ ਦੂਰ ਚੱਲਣਾ ਪਵੇ
- ਕਦੇ ਵੀ ਡਬਲ ਪਾਰਕ ਨਾ ਕਰੋ – ਇਹ ਗੈਰ ਕਾਨੂੰਨੀ ਹੁੰਦਾ ਹੈ ਅਤ ਬੱਚਿਆਂ ਨੂੰ ਖਤਰੇ ਵਿੱਚ ਪਾ ਦਿੰਦਾ ਹੈ
- ਸਕੂਲ ਦੇ ਬਾਹਰ ਕਦੇ ਵੀ ਯੂ ਟਰਨ ਜਾਂ ਤ੍ਰੀ ਪੈਂਇੰਟ ਟਰਨ ਨਾ ਕਰੋ ਕਿਉਂਕਿ ਇਹ ਬੱਚਿਆਂ ਨੂੰ ਨੁਕਸਾਨ ਹੋਣ ਦੇ ਖਤਰੇ ਵਿੱਚ ਪਾਉਂਦਾ ਹੈ
- ਆਪਣੇ ਬੱਚਿਆਂ ਲਈ ਸੁਰੱਖਿਅਤ ਅਤੇ ਸੁਚੇਤ ਡਰਾਈਵਰ ਅਤੇ ਪੈਦਲ ਯਾਤਰੀ ਹੋਣ ਦੇ ਆਦਰਸ਼ ਬਣੋ।

ਵਧੇਰੇ ਸਮਰਥਨ ਲਈ

ਮਹਿਕਮੇ ਦੇ ਰੋਡ ਸੇਫਟੀ ਐਡੂਕੇਸ਼ਨ ਪ੍ਰੋਗਰਾਮ ਲਈ ਇਥੇ ਵੇਖੋ
https://education.nsw.gov.au/road-safety-education ਜਾਂ ਵੇਖੋ
https://education.nsw.gov.au ਅਤੇ ਸੜਕ ਸਬੰਧੀ ਸਿਖਿਆ ਬਾਰੇ ਖੋਜ ਕਰੋ।

ਕਾਰ ਵਿੱਚ ਸਫਰ ਕਰਨ ਵੇਲੇ ਆਪਣੇ ਬੱਚਿਆਂ ਲਈ ਇਹ ਯਕੀਨੀ ਬਣਾਓ:

- ਜੇ ਉਨ੍ਹਾਂ ਦੀ ਉਮਰ 4 ਅਤੇ 7 ਦਰਮਿਆਨ ਹੈ ਤਾਂ ਬੂਸਟਰ ਸੀਟ ਦੀ ਵਰਤੋਂ ਕਰੋ – ਇਹ ਕਾਨੂੰਨ ਹੈ
- ਆਪਣੀਆਂ ਸੀਟਾਂ ‘ਤੇ ਉਨ੍ਹਾਂ ਨੇ ਸੀਟ ਬੈਲਟਾਂ (ਪੇਟੀਆਂ) ਠੀਕ ਤਰ੍ਹਾ ਲਗਾਈਆਂ ਹੋਈਆਂ ਹਨ
- ਹਮੇਸ਼ਾਂ ਕਾਰ ਵਿੱਚੋਂ ‘ਸੁਰੱਖਿਅਤ ਦਰਵਾਜੇ’ (ਸੇਫਟੀ ਡੋਰ) ਵਿੱਚੋਂ ਦੀ ਨਿਕਲੋ – ਜਿਹੜਾ ਕਿ ਕਾਰ ਦੀ ਪਟੜੀ ਵੱਲ ਦਾ ਪਿਛਲਾ ਦਰਵਾਜਾ ਹੁੰਦਾ ਹੈ
- ਕਦੇ ਵੀ ਕਾਰ ਵਿੱਚ ਇਕੱਲੇ ਨਾ ਛੱਡੋ।

6 ਮਹੀਨਿਆ ਤੱਕ ਉਮਰ
ਮਨਜ਼ੂਰਸ਼ੁਦਾ ਚਾਇਲਡ ਕਾਰ ਸੀਟ ਜਿਸ ਵਿੱਚ ਬੱਚੇ ਦਾ ਮੂੰਹ ਪਿਛਲੇ ਪਾਸੇ ਵੱਲ ਹੋਵੇ

6 ਮਹੀਨਿਆਂ ਤੋਂ 4 ਸਾਲ ਤੱਕ ਦੀ ਉਮਰ
ਮਨਜ਼ੂਰਸ਼ੁਦਾ ਚਾਇਲਡ ਕਾਰ ਸੀਟ ਜਿਸ ਵਿੱਚ ਪਿਛਲੇ ਪਾਸੇ ਵੱਲ ਜਾਂ ਅੱਗੇ ਵੱਲ ਹੋਵੇ

4 ਸਾਲ ਤੋਂ ਵੱਧ ਉਮਰ
ਮਨਜ਼ੂਰਸ਼ੁਦਾ ਚਾਇਲਡ ਕਾਰ ਸੀਟ ਜਿਸ ਵਿੱਚ ਬੱਚੇ ਦਾ ਮੂੰਹ ਅੱਗੇ ਵੱਲ ਨੂੰ ਹੋਵੇ ਜਾਂ ਬੂਸਟਰ ਸੀਟ

145 ਸੈਂਟੀਮੀਟਰ ਜਾਂ ਇਸ ਤੋਂ ਲੰਮੇ
ਬਾਲਗ ਲੈਪ ਸੈਸ਼ ਸੀਟ ਬੈਲਟ ਦੀ ਵਰਤੋਂ ਕਰਨ ਲਈ ਘੱਟੋ ਘੱਟ ਸੁਝਾਓ ਦਿੱਤਾ ਕੱਦ